

# ਪੇਂਟਿੰਗ ਅਤੇ ਡਰਾਇੰਗ ਕਰਨ ਵਿਚ ਮਜ਼ਾ ਕਰੋ

ਪੇਟਿੰਗ ਅਤੇ ਡਰਾਇੰਗ ਤੁਹਾਡੇ ਬੱਚੇ ਨੂੰ ਆਪਣੇ ਧਿਆਨ ਕੇਂਦਰਿਤ ਕਰਨਾ, ਰਚਨਾਤਮਕਤਾ, ਅਤੇ ਉਹ ਹੁਨਰ ਜੋ ਉਨਹ੍ਾਂ ਨੂੰ ਲਿਖਣ ਲਈ ਚਾਹੀਦੇ ਹਨ, ਨੂੰ ਵਿਕਸਿਤ ਕਰਨ ਵਿਚ ਮਦਦ ਕਰਦੇ ਹਨ।

ਨਿਸ਼ਾਨ ਬਣਾਉਣ ਵਾਲੀਆਂ ਵੱਖ-ਵੱਖ ਸਮੱਗਰੀਆਂ ਦੀ ਵਰਤੋਂ ਕਰੋ - ਮੋਟੇ ਕਰੇ੍ਆਨਜ਼, ਸ਼ੇਵਿੰਗ ਵਾਲੀ ਝੱਗ ਅਤੇ ਪੇਂਟ। ਬਗੀਚੇ ਵਿਚ ਰਸਤੇ ਦੇ ਪੱਥਰਾਂ ਤੇ ਪਾਣੀ ਅਤੇ ਪੇਂਟਬਰੱਸ਼ ਨੂੰ ਵਰਤਣਾ ਇਕ ਮਜ਼ੇਦਾਰ ਕੰਮ ਹੈ।

**ਮੁੱਖ ਸੁਝਾਅ**
ਰਚਨਾਤਮਕ ਬਣੋ। ਆਪਣੇ ਬੱਚੇ ਨੂੰ ਨਿਸ਼ਾਨ ਬਣਾਉਣ, ਵਾਹੁਣ ਅਤੇ ਖੰਭਾਂ, ਘੋਗਿਆਂ ਜਾਂ ਟਹਿਣੀਆਂ ਵਰਗੀਆਂ ਵੱਖ-ਵੱਖ ਤਰਹ੍ਾਂ ਦੀਆਂ ਚੀਜ਼ਾਂ ਚਿਪਕਾ ਕੇ ਤਸਵੀਰਾਂ ਬਣਾਉਣ ਲਈ ਉਤਸ਼ਾਹਤ ਕਰੋ।

ਮੈਗਜ਼ੀਨਾਂ ਤੋਂ ਪਸੰਦੀਦਾ ਤਸਵੀਰਾਂ ਨੂੰ ਕੱਟੋ ਅਤੇ ਕਲਾਜ਼ ਬਣਾਓ।

## ਆਪਣੀ ਖੁਦ ਦੀ ਯਾਦਾਂ ਵਾਲੀ ਕਿਤਾਬ ਨੂੰ ਕਿਵੇਂ ਬਣਾਇਆ ਜਾਵੇ

ਤੁਹਾਡੇ ਕੋਲ ਕੀ ਹੋਣਾ ਚਾਹੀਦਾ ਹੈ

- ਇਕ ਸਕਰੈਪਬੁੱਕ
- ਪੈੱਨ, ਕਰੇ੍ਆਨਜ਼ ਅਤੇ ਪੈਂਸਿਲਾਂ
- ਫ਼ੋਟੋਆਂ
- ਮੈਗਜ਼ੀਨਾਂ ਅਤੇ ਕੈਟਾਲਾਗ
- ਬੱਚਿਆਂ ਲਈ ਸੁਰੱਖਿਅਤ ਕੈਂਚੀ
- ਗੂੰਦ

ਤੁਸੀਂ ਕੀ ਕਰਨਾ ਹੈ

- ਆਪਣੇ ਬੱਚੇ ਨੂੰ ਉਨਹ੍ਾਂ ਦੀ ਯਾਦਾਂ ਵਾਲੀ ਕਿਤਾਬ ਦੇ ਮੂਹਰਲੇ ਪਾਸੇ ਨੂੰ ਸਜਾਉਣ ਵਿਚ ਮਦਦ ਕਰੋ। ਇਕੱਠੇ ਮਿਲ ਕੇ ਇਸ ਉੱਪਰ ਉਨਹ੍ਾਂ ਦਾ ਨਾਮ ਲਿਖੋ।
- ਉਨਹ੍ਾਂ ਦੀਆਂ ਪਸੰਦੀਦਾ ਚੀਜ਼ਾਂ ਜਿਵੇਂ ਕਿ ਭੋਜਨ, ਥਾਵਾਂ ਜਾਂ ਖਿਡੌਣਿਆਂ ਜਾਂ ਤੁਹਾਡੇ ਪਰਿਵਾਰ ਜਾਂ ਪਾਲਤੂ ਜਾਨਵਰਾਂ ਦੀਆਂ ਤਸਵੀਰਾਂ ਦੇ ਬਾਰੇ ਸ਼ਬਦਾਂ ਜਾਂ ਡਰਾਇੰਗਾਂ ਨੂੰ ਜੋੜੋ।
- ਜਦੋਂ ਤੁਸੀਂ ਬਾਹਰ ਹੋਵੋ, ਬੱਸ ਦੀਆਂ ਅਤੇ ਹੋਰ ਟਿਕਟਾਂ ਨੂੰ ਜੋੜੋ ਅਤੇ ਆਪਣੇ ਬੱਚੇ ਨੂੰ ਉਨਹ੍ਾਂ ਨੂੰ ਇਸ ਵਿਚ ਚਿਪਕਾਉਣ ਦਿਓ।
- ਆਪਣੇ ਬੱਚੇ ਨੂੰ ਗਿਲਿੱਟਰ, ਪੇਂਟ, ਸਟਿੱਕਰਜ਼ ਜਾਂ ਹੋਰ ਕੋਈ ਵੀ ਚੀਜ਼ ਨਾਲ ਉਨਹ੍ਾਂ ਦੀ ਯਾਦਾਂ ਦੀ ਕਿਤਾਬ ਨੂੰ ਮਜ਼ੇਦਾਰ ਅਤੇ ਰੰਗੀਨ ਬਣਾਉਣ ਦੀ ਕੋਸ਼ਿਸ਼ ਕਰੋ।

**ਛੋਟੀ ਗੱਲਬਾਤ ਵਾਲੇ ਵਿਚਾਰ**
ਆਪਣੇ ਬੱਚੇ ਦੀਆਂ ਲਿਖਤਾਂ ਬਾਰੇ ਗੱਲ ਕਰੋ ਅਤੇ ਉਨਹ੍ਾਂ ਨੂੰ ਪੁੱਛੋ ਕਿ ਉਨਹ੍ਾਂ ਨੇ ਕੀ ਵਾਹਿਆ ਹੈ। ਉਹ ਆਕਿਰ੍ਤੀਆਂ ਅਤੇ ਤਸਵੀਰਾਂ ਚੁਣੋਂ ਜਿਹੜੀਆਂ ਪਛਾਣਯੋਗ ਹਨ ਅਤੇ ਕੁਝ ਨੂੰ ਖੁਦ ਵਾਹੋ।

